# ਤੋਹਫ਼ੇ, ਲਾਭ, ਅਤੇ ਪ੍ਰਾਹੁਣਚਾਰੀ

DELWP ਵਧਦੇ-ਫੁੱਲਦੇ ਵਾਤਾਵਰਣ ਅਤੇ ਭਾਈਚਾਰੇ ਬਣਾਉਂਦਾ ਹੈ

ਸਾਡੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਸਾਡੇ ਫੈਸਲੇ ਲੈਣ ਵਿੱਚ ਜਨਤਾ ਦੇ ਵਿਸ਼ਵਾਸ ਦਾ ਧਿਆਨ ਰੱਖਦੀਆਂ ਹਨ।

ਅਸੀਂ ਤੁਹਾਨੂੰ ਸਾਡੇ ਕਰਮਚਾਰੀਆਂ ਨੂੰ ਤੋਹਫ਼ੇ, ਲਾਭ ਜਾਂ ਪ੍ਰਾਹੁਣਚਾਰੀ (ਤੋਹਫ਼ੇ ਦੀ ਪੇਸ਼ਕਸ਼) ਦੀ ਪੇਸ਼ਕਸ਼ ਕਰਨ ਤੋਂ ਨਿਰ-ਉਤਸ਼ਾਹਿਤ ਕਰਦੇ ਹਾਂ। ਸਾਡੇ ਕਰਮਚਾਰੀ ਅਜਿਹੇ ਤੋਹਫ਼ੇ ਨੂੰ ਸਵੀਕਾਰ ਨਹੀਂ ਕਰ ਸਕਦੇ, ਜੋ ਉਨ੍ਹਾਂ ਦੀ ਜਾਂ ਵਿਭਾਗ ਦੀ ਇਮਾਨਦਾਰੀ ਨੂੰ ਬਦਨਾਮ ਕਰ ਸਕੇ।

## ਨੀਤੀ

ਸਾਡੀ ਨੀਤੀ ਅਤੇ ਪ੍ਰਕਿਰਿਆਵਾਂ ਤੋਹਫ਼ਿਆਂ, ਲਾਭਾਂ ਅਤੇ ਪ੍ਰਾਹੁਣਚਾਰੀ ਦੇ ਪ੍ਰਬੰਧ ਨਾਲ ਸਬੰਧਿਤ ਘੱਟੋ ਘੱਟ ਜਵਾਬਦੇਹੀਆਂ ਨੂੰ ਪੂਰਾ ਕਰਦੀਆਂ ਹਨ।

- ਤੋਹਫ਼ੇ, ਲਾਭ, ਅਤੇ ਪ੍ਰਾਹੁਣਚਾਰੀ (PDF, 612.5 KB)
- ਤੋਹਫ਼ੇ, ਲਾਭ, ਅਤੇ ਪ੍ਰਾਹੁਣਚਾਰੀ ਨੀਤੀ (DOCX, 156.5 KB)

## ਪਰਦੇਦਾਰੀ ਇਕੱਠਾ ਕਰਨ ਦਾ ਬਿਆਨ

ਸਾਡੇ ਕਰਮਚਾਰੀ ਆਪਣੇ ਲਾਈਨ ਮੈਨੇਜਰ ਨੂੰ ਪ੍ਰਾਪਤ ਹੋਣ ਵਾਲੇ ਹਰੇਕ ਗੈਰ-ਟੋਕਨ ਤੋਹਫ਼ੇ ਦੀ ਪੇਸ਼ਕਸ਼ ਬਾਰੇ ਦੱਸਦੇ ਹਨ, ਭਾਂਵੇਂ ਕਿ ਉਹ ਇਸ ਤੋਂ ਇਨਕਾਰ ਹੀ ਕਰ ਦੇਣ।

ਅਸੀਂ ਇਹ ਯਕੀਨੀ ਬਨਾਉਣ ਵਿੱਚ ਮਦਦ ਕਰਨ ਲਈ ਇਸ ਜਾਣਕਾਰੀ ਨੂੰ ਇਕੱਠੀ ਕਰਦੇ ਹਾਂ, ਸੰਭਾਲਦੇ ਹਾਂ ਅਤੇ ਵਰਤਦੇ ਹਾਂ ਕਿ ਸਾਡੀ ਨੀਤੀ ਪ੍ਰਭਾਵਸ਼ਾਲੀ ਹੈ ਅਤੇ ਸਾਡੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੀ ਹੈ।

- ਪਰਦੇਦਾਰੀ ਇਕੱਠਾ ਕਰਨ ਦਾ ਬਿਆਨ (DOCX, 116.7 KB)
- ਪਰਦੇਦਾਰੀ ਇਕੱਠਾ ਕਰਨ ਦਾ ਬਿਆਨ (PDF, 34.4 KB)

## ਰਿਪੋਰਟ ਕਰਨ ਯੋਗ ਤੋਹਫ਼ੇ ਦੀਆਂ ਪੇਸ਼ਕਸ਼ਾਂ ਦਾ ਰਜਿਸਟਰ

ਤੋਹਫ਼ੇ ਦੀਆਂ ਪੇਸ਼ਕਸ਼ਾਂ ਇਹ ਹੋ ਸਕਦੀਆਂ ਹਨ:

- ਟੋਕਨ (ਬੇਲੋੜਾ, ਮਾਮੂਲੀ, ਅਤੇ $50 ਤੋਂ ਘੱਟ ਮੁੱਲ), ਜਾਂ
- ਰਿਪੋਰਟ ਕਰਨ ਯੋਗ (ਗੈਰ-ਟੋਕਨ)।

ਸਾਨੂੰ ਲਾਜ਼ਮੀ ਤੌਰ ਤੇ ਇਹ ਕਰਨਾ ਚਾਹੀਦਾ ਹੈ:

- ਰਿਪੋਰਟ ਕਰਨ ਯੋਗ ਤੋਹਫ਼ੇ ਦੀਆਂ ਸਾਰੀਆਂ ਪੇਸ਼ਕਸ਼ਾਂ ਦਾ ਰਜਿਸਟਰ ਰੱਖੀਏ
- ਬੇ-ਪਛਾਣ ਕੀਤੀ ਨਕਲ ਪ੍ਰਕਾਸ਼ਿਤ ਕਰੀਏ ਜੋ ਪਰਦੇਦਾਰੀ ਕਾਨੂੰਨਾਂ ਦੀ ਪਾਲਣਾ ਕਰਦੀ ਹੈ।

ਤੋਹਫ਼ੇ, ਲਾਭ ਅਤੇ ਪ੍ਰਾਹੁਣਚਾਰੀ ਰਜਿਸਟਰ ਇਹ ਰਿਕਾਰਡ ਕਰਦਾ ਹੈ:

- ਤੋਹਫ਼ੇ, ਲਾਭ ਅਤੇ ਪ੍ਰਾਹੁਣਚਾਰੀ ਬਾਹਰੀ ਰਜਿਸਟਰ 2019-20 (PDF, 445.4 KB)
- ਤੋਹਫ਼ੇ, ਲਾਭ ਅਤੇ ਪ੍ਰਾਹੁਣਚਾਰੀ ਬਾਹਰੀ ਰਜਿਸਟਰ 2018-19 (PDF, 461.2 KB)
- ਤੋਹਫ਼ੇ, ਲਾਭ ਅਤੇ ਪ੍ਰਾਹੁਣਚਾਰੀ ਬਾਹਰੀ ਰਜਿਸਟਰ 2017-18 (PDF, 431.9 KB)

## ਪੇਸ਼ਕਸ਼ ਕਰਨ ਤੋਂ ਪਰਹੇਜ਼ ਕਰੋ

ਤੋਹਫ਼ੇ ਦੀਆਂ ਪੇਸ਼ਕਸ਼ਾਂ ਕਰਨ ਤੋਂ ਪਰਹੇਜ਼ ਕਰੋ ਜੋ ਸਾਡੇ ਕਰਮਚਾਰੀ ਸਵੀਕਾਰ ਨਹੀਂ ਕਰ ਸਕਦੇ।

ਉਦਾਹਰਣ ਲਈ: ਕਿਸੇ ਕਾਰੋਬਾਰੀ ਫੈਸਲੇ ਵਿੱਚ ਤੁਹਾਡੀ ਦਿਲਚਸਪੀ ਹੈ ਜੋ ਕਰਮਚਾਰੀ ਦੁਆਰਾ ਕਰਨ ਜਾਂ ਪ੍ਰਭਾਵਿਤ ਕਰਨ ਦੀ ਸੰਭਾਵਨਾ ਹੈ।

ਜੇ ਤੁਸੀਂ ਕਾਰੋਬਾਰੀ ਸਹਿਯੋਗੀ ਹੋ (ਉਦਾਹਰਣ ਲਈ ਸਪਲਾਇਰ ਜਾਂ ਟੈਂਡਰ ਭਰਨ ਵਾਲੇ), ਜੇ ਤੁਸੀਂ ਇਹਨਾਂ ਦੇ ਉਲਟ ਕੰਮ ਕਰਦੇ ਹੋ ਤਾਂ ਮਾੜੇ ਨਤੀਜੇ ਲਾਗੂ ਹੋ ਸਕਦੇ ਹਨ:

- ਸਾਡੀ ਨੀਤੀ ਦੇ
- ਕਿਸੇ ਵੀ ਵਿਕਟੋਰੀਆ ਦੀ ਸਰਕਾਰ ਦੇ ਸਪਲਾਇਰ ਕੋਡ ਆਫ ਕੰਡਕਟ ਦੇ।

## ਕਈ ਸਾਰੀਆਂ ਪੇਸ਼ਕਸ਼ਾਂ ਕਰਨ ਤੋਂ ਪਰਹੇਜ਼ ਕਰੋ

ਜੇ ਤੁਸੀਂ ਕਈ ਤੋਹਫ਼ਿਆਂ ਦੀ ਪੇਸ਼ਕਸ਼ ਕਰਦੇ ਹੋ ਤਾਂ ਸਮੁੱਚਾ ਪ੍ਰਭਾਵ ਇਮਾਨਦਾਰੀ ਦੇ ਮੁੱਦਿਆਂ ਨੂੰ ਵਧਾ ਸਕਦਾ ਹੈ।

## ਵਧੇਰੇ ਜਾਣਕਾਰੀ

ਸਾਡੀ ਨੀਤੀ ਬਾਰੇ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਈਮੇਲ ਕਰੋ integrity@delwp.vic.gov.au

## ਸਾਡੀਆਂ ਏਜੰਸੀਆਂ

ਸਾਡੀਆਂ ਏਜੰਸੀਆਂ ਦੀਆਂ ਤੋਹਫ਼ਿਆਂ ਦੀਆਂ ਪੇਸ਼ਕਸ਼ਾਂ ਬਾਰੇ ਅਜਿਹੀਆਂ ਹੀ ਜ਼ਿੰਮੇਵਾਰੀਆਂ ਹਨ। On Board ਮਾਡਲ ਨੀਤੀ, ਘੋਸ਼ਣਾ ਫਾਰਮ ਅਤੇ ਰਜਿਸਟਰ ਦੀ ਪੇਸ਼ਕਸ਼ ਕਰਦਾ ਹੈ। ਇਸ ਵਿੱਚ ਸੇਧ ਦੇਣ ਵਾਲੀਆਂ ਟਿਪਣੀਆਂ ਵੀ ਹਨ। ਬੋਰਡ ਅਤੇ ਸ਼ਾਸਨ - ਤੋਹਫ਼ੇ, ਲਾਭ ਅਤੇ ਪ੍ਰਾਹੁਣਾਚਾਰੀ ਉੱਤੇ ਜਾਓ।

ਜੇ ਤੁਹਾਨੂੰ ਸਹਾਇਤਾ ਚਾਹੀਦੀ ਹੈ, ਅਨੁਵਾਦ ਅਤੇ ਦੋਭਾਸ਼ੀਆ ਸੇਵਾ ਵਿੱਚ ਮਦਦ ਲਈ ਕਿਰਪਾ ਕਰਕੇ Translating and Interpreting Service (TIS) ਨੂੰ ਸੰਪਰਕ ਕਰੋ। TIS National ਨੂੰ 131 450 (ਆਸਟ੍ਰੇਲੀਆ ਦੇ ਅੰਦਰ) ਉੱਤੇ ਸੰਪਰਕ ਕਰੋ ਜਾਂ www.tisnational.gov.au ਉੱਤੇ ਜਾਓ